## 74- ਲੈਕਚਰਾਰ ਸਰੀਰਕ ਸਿੱਖਿਆ ਦਾ ਵਿਗਿਆਪਨ

ਪੰਜਾਬ ਸਿੱਖਿਆ ਵਿਭਾਗ ਵੱਲੋਂ **ਲੈਕਚਰਾਰ ਸਰੀਰਕ ਸਿੱਖਿਆ** 74 ਦੀਆਂ ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬ-ਸਾਈਟ **www.educationrecruitmentboard.com** ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ : 24.01.2017 ਤੱਕ ਕੀਤੀ ਜਾਂਦੀ ਹੈ।ਅਸਾਮੀਆਂ ਦੀ ਕੈਟਾਗਰੀ ਵਾਈਜ਼ ਵੰਡ ਹੇਠ ਲਿਖੇ ਅਨੁਸਾਰ ਹੈ:-

### 1.ਕੈਟਾਗਿਰੀ ਵਾਈਜ਼ ਆਸਾਮੀਆਂ ਦੀ ਵੰਡ:

| ਲੜੀ ਨੰ | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1. | ਜਨਰਲ | 35 |
| 2. | ਐਸ.ਸੀ. | 11 |
| 3. | ਐਸ.ਸੀ.ਐਕਸ-ਸਰਵਿਸਮੈਨ | 3+3 (ਬੈਕਲਾਗ) |
| 4. | ਐਸ.ਸੀ.ਸਪੋਰਟਸ | 1 |
| 5. | ਬੀ.ਸੀ. | 3 |
| 6. | ਬੀ.ਸੀ.ਐਕਸ ਸਰਵਿਸਮੈਨ | 2+1(ਬੈਕਲਾਗ) |
| 7. | ਸਾਬਕਾ ਫੌਜੀ (ਜਨਰਲ) | 5+5(ਬੈਕਲਾਗ) |
| 8. | ਸਪੋਰਟਸ(ਜਨਰਲ) | 1+2(ਬੈਕਲਾਗ) |
| 9. | ਫਰੀਡਮ ਫਾਈਟਰ | 1+1(ਬੈਕਲਾਗ) |
| | ਕੁੱਲ ਜੋੜ | 74 |

### 2. ਵਿਦਿਅਕ ਯੋਗਤਾ :-

ਵਿਦਿੱਅਕ /ਪ੍ਰੋਫੈਸ਼ਨਲ ਯੋਗਤਾਵਾਂ ਪੰਜਾਬ ਰਾਜ ਦੇ ਸਿੱਖਿਆ ਸਰਵਿਸ਼ ਰੂਲਸ਼ 1978(ਪਹਿਲੀ ਸੋਧ1995) (ਵੇਖੋ ਅਨੁਲੱਗ A ) ਅਨੁਸਾਰ ਅਤੇ ਐਨ.ਸੀ.ਟੀ.ਈ. ਦੇ ਨੋਟਿਫਿਕੇਸ਼ਨ ਨਵੀਂ ਦਿੱਲੀ 12 ਨਵੰਬਰ 2014 ਦੇ Second schedule {sub regulation (2) of regulation(4) }ਦੇ ਲੈਵਲ 3 ਅਨੁਸਾਰ ਹੋਣਗੀਆ।(ਵੇਖੋ ਅਨੁਲੱਗ B)

.

3. <u>ਚੋਣ ਦਾ ਢੰਗ</u> :-

ਇਸ ਅਸਾਮੀ ਦੀ ਭਰਤੀ ਲਈ ਉਮੀਦਵਾਰਾਂ ਦੇ ਓਨ-ਲਾਈਨ ਅਪਲਾਈ ਕਰਨ ਉਪਰੰਤ, ਅਪਲਾਈ ਕੀਤੇ ਦਸਤਾਵੇਜਾਂ ਦੀ ਸਕਰੂਟਨੀ ਕੀਤੀ ਜਾਵੇਗੀ। ਦਸਤਾਵੇਜਾ ਦੀ ਸਕਰੂਟਨੀ ਉਪਰੰਤ ਜੋ ਉਮੀਦਵਾਰ ਵਿੱਦਿਅਕ, ਪ੍ਰੋਫੈਸ਼ਨਲ ਯੋਗਤਾਵਾਂ ਅਤੇ ਅਸਾਮੀ ਲਈ ਨਿਰਧਾਰਤ ਹੋਰ ਸ਼ਰਤਾ ਪੂਰੀਆਂ ਕਰਦੇ ਹੋਣਗੇ, ਸਿਰਫ਼ ਉਹਨਾਂ ਉਮੀਦਵਾਰਾਂ ਦਾ ਸਟੇਟ ਲੈਵਲ ਤੇ ਇੱਕ ਆਬਜੈਕਟਿਵ ਟੈਸਟ ਲਿਆ ਜਾਵੇਗਾ। **ਜਿਸ ਵਿੱਚ ਇੱਕ ਐਪਟੀਟਿਊਡ ਟੈਸਟ 150 ਅੰਕਾਂ ਦਾ ਹੋਵੇਗਾ ਅਤੇ ਦੂਜਾ ਟੈਸਟ ਸਬੰਧਤ ਵਿਸੇ ਵਿੱਚ 150 ਅੰਕਾਂ ਦਾ ਹੋਵੇਗਾ। ਇਹਨਾਂ ਦੋਵੇਂ ਟੈਸਟਾਂ ਵਿੱਚੋਂ ਕ੍ਰਮਵਾਰ 75-75 ਅੰਕ ਲੈਣ ਵਾਲੇ ਉਮੀਦਵਾਰ ਨੂੰ ਪਾਸ ਮੰਨਿਆ ਜਾਵੇਗਾ। (ਐਸ.ਸੀ.,ਐਸ.ਟੀ., ਓ.ਬੀ.ਸੀ., ਬੀ.ਸੀ.ਅਤੇ ਅੰਗਹੀਣ ਕੈਟਾਗਰੀ ਦੇ ਉਮੀਦਵਾਰਾਂ ਨੂੰ 5 ਪ੍ਰਤੀਸਤ ਭਾਵ 8 ਅੰਕਾਂ ਦੀ ਛੋਟ ਹੋਵੇਗੀ ਅਤੇ ਇਹਨਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਅਤੇ ਅਸਾਮੀ ਲਈ ਨਿਰਧਾਰਿਤ ਹੋਰ ਸਰਤਾਂ ਪੂਰੀਆਂ ਕਰਦੇ ਲਿਖਤੀ ਟੈਸਟ ਵਿੱਚ ਪਾਸ ਉਮੀਦਵਾਰਾਂ ਦੀ ਫਾਈਨਲ ਮੈਰਿਟ ਨਿਰੋਲ ਦੋਵੇਂ ਟੈਸਟਾਂ ਵਿੱਚੋਂ ਪ੍ਰਾਪਤ ਅੰਕਾਂ ਨੂੰ ਜੋੜ ਕੇ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀ।**

4. <u>ਅਦਾਇਗੀ ਯੋਗ ਰਕਮ</u> :-

ਤਨਖਾਹ 10300/- ਰੁਪਏ ਪ੍ਰਤੀ ਮਹੀਨਾ ਅਦਾ ਕੀਤੀ ਜਾਵੇਗੀ।

(i) As per Punjab Government's Notification dated 15.01.2015, after the direct recruitment the appointee will be paid fixed emoluments which is equivalent to the minimum of the pay band of the new post of the official during the period of his probation i.e. two years including the probation time if increased and the official will not be entitled grade pay, annual increments or any other emoluments expect travelling allowance.

(ii) After successfully completing the period of probation, appointee will be paid minimum initial pay of post including grade pay and all other allowancesunder the Rules.

(iii) The appointee shall be governed by New Defined Contribution Pension Scheme.

**5. ਉਮਰ ਸੀਮਾ :-**

| ਲੜੀ ਨੰ: | ਵਿਗਿਆਪਨ ਅਨੁਸਾਰ ਉਮਰ ਦੀ ਹੱਦ | ਮਿਤੀ ਜਿਸ ਮੁਤਾਬਿਕ ਉਮਰ ਕੈਲਕੂਲੇਟ ਕੀਤੀ ਜਾਣੀ ਹੈ। | ਪ੍ਰੋਸੈਸਿੰਗ ਫੀਸ |
|---|---|---|---|
| 1. | ਜਿਹੜੇ ਉਮੀਦਵਾਰਾਂ ਨੇ 25 ਲੈਕਚਰਾਰ ਸਰੀਰਕ ਸਿੱਖਿਆ ਲਈ ਮਿਤੀ 07-05-2011 ਦੇ ਵਿਗਿਆਪਨ ਅਤੇ ਸਾਲ 2014 ਦੇ ਵਿਗਿਆਪਨ ਅਨੁਸਾਰ ਅਪਲਾਈ ਕੀਤਾ ਸੀ। | 01-01-2011 | -ਨਿੱਲ- |
| 2. | ਜਿਹੜੇ ਉਮੀਦਵਾਰਾਂ ਨੇ 30 ਲੈਕਚਰਾਰ ਸਰੀਰਕ ਸਿੱਖਿਆ ਲਈ ਮਿਤੀ 20-11-2015 ਅਨੁਸਾਰ ਅਪਲਾਈ ਕੀਤਾ ਸੀ। | 01-01-2015 | -ਨਿੱਲ- |
| 3. | ਜਿਹੜੇ ਉਮੀਦਵਾਰ ਨੇ ਪਹਿਲਾਂ ਉਪਰੋਕਤ ਵਿਸਿਆਂ ਵਿੱਚ ਅਪਲਾਈ ਨਹੀਂ ਕੀਤਾ, ਪਰ ਹੁਣ ਨਵਾਂ ਅਪਲਾਈ ਕਰ ਰਹੇ ਹਨ। | 01-01-2016 | ਜਨਰਲ ਅਤੇ ਹੋਰ ਕੈਟਾਗਰੀ ਲਈ 700/-ਰੁਪਏ,<br>ਰਿਜਰਵ ਕੈਟਾਗਰੀ ਲਈ (ਐਸ.ਸੀ./ਐਸ.ਟੀ.)350/-ਰੁਪਏ<br>ਸਾਬਕਾ ਸੈਨਿਕ (ਖੁੱਦ) ਲਈ ਕੋਈ ਫੀਸ ਨਹੀਂ। |

**(i)** ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

**(ii)** ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿਚ 5 ਸਾਲ ਦੀ ਛੋਟ ਹੋਵੇਗੀ।

**(iii)** ਪੰਜਾਬ,ਹੋਰ ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

**(iv)** ਪੰਜਾਬ ਰਾਜ ਦੀਆਂ ਵਿਧਵਾ ਅਤੇ ਤਲਾਕਸ਼ੁਧਾ ਔਰਤਾ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਹੋਵੇਗੀ।

**(v)** ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸਟਤਾ ਦੇਣੀ ਪਵੇਗੀ।

6. ਨੋਟ:-

1. ਉਹੀ ਉਮੀਦਵਾਰ ਅਪਲਾਈ ਕਰਨ ਜਿਹੜੇ ਵਿਦਿਅਕ,ਪ੍ਰੋਫੈਸਨਲ ਯੋਗਤਾਵਾਂ ਅਤੇ ਇਸ਼ਤਿਹਾਰ ਅਨੁਸਾਰ ਹੋਰ ਸ਼ਰਤਾਂ ਪੂਰੀਆਂ ਕਰਦੇ ਹਨ।ਜਿਹੜੇ ਉਮੀਦਵਾਰ ,ਪ੍ਰੋਫੈਸਨਲ ਯੋਗਤਾਵਾਂ ਅਤੇ ਇਸ਼ਤਿਹਾਰ ਅਨੁਸਾਰ ਹੋਰ ਸ਼ਰਤਾਂ ਪੂਰੀਆਂ ਨਹੀਂ ਕਰਦੇ ਹੋਣਗੇ, ਉਹਨਾਂ ਦੀ ਫੀਸ ਵਗੈਰਾ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਉਮੀਦਵਾਰ ਦੀ ਪਾਤਰਤਾ ਬਿਨਾਂ ਕੋਈ ਨੋਟਿਸ ਦਿੱਤੇ ਰੱਦ ਕਰ ਦਿੱਤੀ ਜਾਵੇਗੀ।

2. ਉਮੀਦਵਾਰ ਵਿਦਿਆਰਥੀ ਨੂੰ ਪੜ੍ਹਾਉਣ ਦੇ ਨਾਲ-ਨਾਲ ਖੇਡ ਕ੍ਰਿਆਵਾਂ ਭਾਵ ਗਰਾਊਂਡ ਵਿੱਚ ਵਿਦਿਆਰਥੀ ਨੂੰ ਖਿਡਾਉਣ ਦੇ ਯੋਗ ਹੋਵੇ।

3. ਉਮੀਦਵਾਰ ਵੱਲੋਂ ਜਿਸ ਕੈਟਾਗਿਰੀ ਵਿੱਚ ਆਨ-ਅਪਲਾਈ ਕੀਤਾ ਗਿਆ ਹੈ।ਉਸ ਨੂੰ ਉਸੇ ਕੈਟਾਗਿਰੀ ਵਿੱਚ ਹੀ ਵਿਚਾਰਿਆ ਜਾਵੇਗਾ।ਕਿਸੇ ਵੀ ਹਾਲਤ ਵਿੱਚ ਉਮੀਦਾਵਰ ਦੀ ਕੈਟਾਗਿਰੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕਿਸੇ ਪ੍ਰਤੀ ਬੇਨਤੀ ਤੇ ਕੋਈ ਵਿਚਾਰ ਕੀਤਾ ਜਾਵੇਗਾ।

4. ਉਮੀਦਵਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾਂ / ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁਦ ਅਪਲਾਈ ਕਰੇ ਅਤੇ ਉਹਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Update ਦੀ ਜਾਣਕਾਰੀ ਲਈ ਵਿਭਾਗ ਦੀ ਵੈਬ-ਸਾਈਟ www.educationrecruitmentboard.com ਸਮੇਂ-ਸਮੇਂ ਚੈੱਕ ਕਰਦੇ ਰਹਿਣ।

7. **ਨਵੇਂ ਉਮੀਦਵਾਰਾਂ ਲਈ ਬਿਨੈ-ਪੱਤਰ ਪ੍ਰੋਸੈਸਿੰਗ ਫੀਸ :**

**(i)** ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ : 700 ਰੁਪਏ

**(ii)** ਰਿਜਰਵ ਕੈਟਾਗਰੀ (ਐਸ.ਸੀ. / ਐਸ.ਟੀ) : 350 ਰੁਪਏ

**(iii)** ਸਾਬਕਾ ਸੈਨਿਕ (ਖੁਦ) : ਕੋਈ ਨਹੀਂ।

ਸਾਬਕਾ ਸੈਨਿਕਾਂ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ, ਬਸ਼ਰਤੇ ਕਿ ਉਨਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਦੌਰਾਨ ਜਾਂ ਨਿਸ਼ਚਿਤ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ / ਡਿਸਚਾਰਜ ਨਾ ਕੀਤਾ ਗਿਆ ਹੋਵੇ।ਸਾਬਕਾ ਸੈਨਿਕਾਂ ਦੇ ਆਸਰਿਤਾ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ

ਅਸਲ Lineal Desecendent Certificate (LDC) ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਜਮਾਂ ਕਰਵਾਉਣਾ ਹੋਵੇਗਾ।

* **ਉਮੀਦਵਾਰ ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਫੀਸ ਦੀ ਰਸੀਦ ਪੇਸ਼ ਕਰਨਗੇ।**

ਨੋਟ:

(ੳ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ / ਛੋਟ ਨਹੀਂ ਦਿੱਤੀ ਜਾਵੇਗੀ ਸਿਵਾਏ ਸਾਬਕਾ ਸੈਨਿਕ(ਖੁਦ) ਅਤੇ ਫੀਸ ਨਾ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

8. **ਆਮ ਸ਼ਰਤਾਂ:-**

(i) ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ, ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਉਮੀਦਵਾਰ ਵੱਲੋਂ ਅਸਲ ਦਸਤਾਵੇਜਾ ਦੀ ਸਕਰੂਟਨੀ ਸਮੇਂ ਪੇਸ ਕੀਤਾ ਉਹੀ ਸਰਟੀਫਿਕੇਟ ਮੰਨਣ ਯੋਗ ਹੋਵੇਗਾ ਜਿਸ ਵਿੱਚ ਸਿਰਫ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ।ਭਲਾਈ ਵਿਭਾਗ, ਪੰਜਾਬ ਸਰਕਾਰ ਦੇ ਪੱਤਰ ਨੰ:1/52/95 ਰਸ1/713, ਮਿਤੀ ਚੰਡੀਗੜ੍ਹ 17.01.1996 ਅਨੁਸਾਰ ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਵਿਖੇ ਪੈਡਿੰਗ ਕੇਸ SLP(CIVIL) No.23507 of 2010 in CWP NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਦੇ ਨਿਰਭਰ ਹੋਵੇਗੀ।

(ii) ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ।ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਇਕ ਘੋਸ਼ਣਾ ਪੱਤਰ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

(iii) ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾ ਤੇ ਹੀ ਲਾਗੂ ਹੋਵੇਗਾ। ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ, ਤਾਂ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ।ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ।

(iv) ਸਵੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ:16/57-97-8ਪੀ-3/ਸਪੇ 503 ਮਿਤੀ 27.11.2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

(v) ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ **ਦੀ ਮੈਰਿਟ ਡਾਇਰੈਕਟਰ ਸਪੋਰਟਸ ਵਿਭਾਗ ਪੰਜਾਬ ਵੱਲੋਂ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਜਾਰੀ ਹਦਾਇਤਾਂ/ਨਿਯਮਾਂ ਅਨੁਸਾਰ ਬਣਾਈ ਜਾਵੇਗੀ।**

(vi) ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ਜਾਂ ਮੈਟਿਰਕ ਤੋਂ ਕਿਸੇ ਉਚੇਰੀ ਕਲਾਸ ਵਿਚ ਪੰਜਾਬੀ ਪਾਸ ਹੋਵੇ।

(vii) ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ ਲਾਗੂ ਹਵੇਗੀ।

(viii) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੀ ਲਾਗੂ ਹੋਵੇਗਾ।(ਭਲਾਈ ਵਿਭਾਗ, ਪੰਜਾਬ ਸਰਕਾਰ ਦੇ ਪੱਤਰ ਨੰ:1/52/95 ਰਸ1/713, ਮਿਤੀ ਚੰਡੀਗੜ੍ਹ 17.01.1996 ਅਨੁਸਾਰ)

(ix) ਪੁਰਸ਼ ਅਤ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

(x) ਵਿਗਿਆਪਨ ਵਿਚ ਦਰਜ ਅਸਾਮੀਆਂ ਵਧਾਈਆਂ-ਘਟਾਈਆਂ ਜਾ ਸਕਦੀਆਂ ਹਨ ਅਤੇ ਇਸ ਵਿਗਿਆਪਨ ਨੂੰ ਵਿਭਾਗ ਵੱਲੋਂ ਕਿਸੇ ਵੀ ਕਾਰਨ ਰੱਦ ਕੀਤਾ ਜਾ ਸਕਦਾ ਹੈ।

(xi) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਭਰਤੀ ਬੋਰਡ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

(xii) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰਾਂ ਨੂੰ ਕੰਪਿਊਟਰ ਮਾਹਿਰ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ।ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ।ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

(xiii) ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨ ਜਾਂ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

(xiv) ਇਸ ਭਰਤੀ ਸਬੰਧੀ ਭਰਤੀ ਬੋਰਡ ਵੱਲੋਂ ਲਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

(xv) ਉਮੀਦਵਾਰਾਂ ਵੱਲੋਂ ਆਪਣਾ ਮੋਬਾਇਲ ਨੰਬਰ, Email-ID, ਆਪਣਾ ਬੈਂਕ ਅਕਾਊਂਟ ਨੰਬਰ, ਬੈਂਕ ਦਾ IFSC ਕੋਡ, ਬਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

ਜ਼ਰੂਰੀ ਨੋਟ :-

**ਸਾਰੇ ਉਮੀਦਵਾਰਾਂ ਵੱਲੋਂ ਨਵੇਂ ਸਿਰੇ ਤੋਂ ਅਪਲਾਈ ਕੀਤਾ ਜਾਣਾ ਜਰੂਰੀ ਹੈ।**
**ਉਮੀਦਵਾਰਾਂ ਦੇ ਵਿਦਿਅਕ / ਪ੍ਰੋਫੈਸ਼ਨਲ ਯੋਗਤਾਵਾਂ, ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ।ਰਿਜਰਵੇਸਨ ਦਾ ਲਾਭ ਲੈਣ ਲਈ ਵੱਖ ਵੱਖ ਕੈਟਾਗਰੀਆਂ ਦੇ ਸਰਟੀਫਿਕੇਟ ਜਿਵੇਂਐਸ.ਸੀ.,ਬੀ.ਸੀ.ਐਲ.ਡੀ.ਸੀ., ਸਪੋਰਟਸ ਗਰੇਡੇਸਨ, ਅਤੇ ਸੁਤੰਤਰਤਾ ਸੰਗਰਾਮੀ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ /ਚੈਕ ਕਰਵਾਉਣ ਉਪਰੰਤ ਮੰਨਣਯੋਗ ਹੋਣਗੇ। ਉਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।**

**9. ਆਨਲਾਈਨ ਅਪਲਾਈ ਕਰਨ ਦੀ ਵਿਧੀ :-**

ਵੈਬਸਾਈਟ www.educationrecruitmentboard.com

**Important Dates :-**

ਪਹਿਲਾਂ ਉਮੀਦਵਾਰ ਆਨਲਾਈਨ ਰਜਿਸਟ੍ਰੇਸਨ ਕਰੇਗਾ ਜਿਸ ਦੀ ਆਖਰੀ ਮਿਤੀ 24.01.2017 (ਸਾਮ 5.00 ਵਜੇ ਤੱਕ) ਹੋਵੇਗੀ। ਰਜਿਸਟ੍ਰੇਸਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਮੰਨੀ ਜਾਵੇਗੀ। ਮਿਤੀ 25.01.2017 ਤੱਕ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ। ਮਿਤੀ 28.01.2017 ਤੱਕ ਉਨ੍ਹਾਂ ਉਮੀਦਵਾਰਾਂ ਵਲੋਂ ਆਨਲਾਈਨ ਫਾਰਮ ਭਰੇ ਜਾ ਸਕਦੇ ਹਨ ਜਿਨ੍ਹਾਂ ਨੇ ਨਿਰਧਾਰਿਤ ਫੀਸ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਹੈ।